Government of Western Australia
North Metropolitan Health Service

BreastScreen WA
WA's only accredited screening service

# ਅਗਲੇਰੀਆਂ ਜਾਂਚਾਂ, ਇਸ ਦਾ ਕੀ ਮਤਲਬ ਹੈ?

**ਤੁਹਾਨੂੰ ਛਾਤੀ ਦੇ ਹੋਰ ਐਕਸਰੇ ਕਰਵਾਉਣ ਲਈ ਵਾਪਸ ਬੁਲਾਇਆ ਗਿਆ ਸੀ। ਅਗਲੇਰੀਆਂ ਜਾਂਚਾਂ ਵਾਸਤੇ ਬੁਲਾਈਆਂ ਗਈਆਂ ਔਰਤਾਂ ਵਿੱਚੋਂ ਬਹੁਤੀਆਂ ਦਾ ਨਤੀਜਾ ਠੀਕ ਹੁੰਦਾ ਹੈ (ਉਹਨਾਂ ਨੂੰ ਛਾਤੀ ਦਾ ਕੈਂਸਰ ਨਹੀਂ ਹੁੰਦਾ)।**

## ਮੈਨੂੰ ਵਾਪਸ ਕਿਉਂ ਬੁਲਾਇਆ ਗਿਆ ਹੈ?

ਛਾਤੀ ਦੇ ਹੋਰ ਜ਼ਿਆਦਾ ਐਕਸਰੇ ਕਰਨ ਲਈ ਵਾਪਸ ਬੁਲਾਉਣਾ ਕੋਈ ਅਸਾਧਾਰਣ ਗੱਲ ਨਹੀਂ ਹੈ। ਵਾਪਸ ਬੁਲਾਉਣ ਦੇ ਆਮ ਕਾਰਣਾਂ ਵਿੱਚ ਸ਼ਾਮਲ ਹਨ:

### ਘਣਤਾ

ਮੈਮੋਗ੍ਰਾਮ ਤੁਹਾਡੀ ਛਾਤੀ ਦੇ ਟਿਸ਼ੂਆਂ ਦਾ ਐਕਸਰੇ ਹੈ। ਛਾਤੀ ਦੇ ਟਿਸ਼ੂਆਂ ਦੀ ਅਨਿਯਮਤ ਵੰਡ ਗੈਰ-ਮਾਮੂਲੀ ਵਰਗੀ ਵਿਖਾਈ ਦੇ ਸਕਦੀ ਹੈ। ਹੋਰ ਜ਼ਿਆਦਾ ਐਕਸਰੇ ਬਹੁ-ਘਣਤਾ ਵਾਲੇ ਖੇਤਰ ਦੀ ਪਛਾਣ ਸਾਧਾਰਣ ਗਿਲਟੀ ਵਾਲੇ ਟਿਸ਼ੂ ਵਜੋਂ ਕਰਨ ਵਿੱਚ ਮਦਦ ਕਰ ਸਕਦੇ ਹਨ।

### ਗੱਠਾਂ

ਸਾਫ ਕੰਢਿਆਂ ਵਾਲੀ ਗੋਲ ਘਣਤਾ ਆਮ ਤੌਰ ਤੇ ਗੱਠ ਜਾਂ ਸ਼ੁਰੂਆਤੀ (ਕੈਂਸਰ ਤੋਂ ਬਿਨਾਂ) ਗੱਠ ਹੁੰਦੀ ਹੈ। ਜੇ ਕੰਢੇ ਸਾਫ ਸਾਫ ਨਾ ਦਿੱਸਦੇ ਹੋਣ ਹੋਰ ਜਾਂਚਾਂ ਦੀ ਲੋੜ ਪੈ ਸਕਦੀ ਹੈ।

### ਕੈਲਸ਼ੀਅਮ ਨਾਲ ਸਖਤਾਈ (ਕੈਲਸੀਫਿਕੇਸ਼ਨ)

ਕਈ ਔਰਤਾਂ ਦੇ ਮੈਮੋਗ੍ਰਾਮ ਵਿੱਚ ਕੈਲਸ਼ੀਅਮ ਦੇ ਕਣ (ਕੈਲਸੀਫੀਕੇਸ਼ਨ) ਵਿਖਾਈ ਦਿੰਦੇ ਹਨ ਅਤੇ ਕੈਲਸ਼ੀਅਮ ਨਾਲ ਹੋਈਆਂ ਇਹ ਸਖਤਾਈਆਂ ਆਮ ਤੌਰ ਤੇ ਸਾਧਾਰਣ ਹੁੰਦੀਆਂ ਹਨ। ਫਿਰ ਵੀ, ਕੈਲਸ਼ੀਅਮ ਦੇ ਕਣਾਂ ਦੇ ਬੇਦਸਤੂਰੇ ਸਮੂਹ ਕੈਂਸਰ ਦਾ ਮੁੱਢਲੇ ਚਿੰਨ੍ਹ ਹੋ ਸਕਦੇ ਹਨ ਅਤੇ ਹੋਰ ਜਾਂਚਾਂ ਦੀ ਲੋੜ ਹੁੰਦੀ ਹੈ।

### ਜ਼ਖਮ ਦਾ ਨਿਸ਼ਾਨ

ਛਾਤੀ ਦਾ ਪਹਿਲਾਂ ਹੋਇਆਂ ਔਪਰੇਸ਼ਨ ਜ਼ਖਮ ਦੇ ਨਿਸ਼ਾਨ ਦਾ ਕਾਰਣ ਹੋ ਸਕਦਾ ਹੈ। ਦਾਗ ਵਾਲੇ ਟਿਸ਼ੂ ਐਕਸਰੇ ਨੂੰ ਪੜ੍ਹਨਾ ਹੋਰ ਮੁਸ਼ਕਿਲ ਬਣਾ ਦਿੰਦੇ ਹਨ ਅਤੇ ਤੁਹਾਨੂੰ ਹੋਰ ਜਾਂਚਾਂ ਕਰਵਾਉਣ ਦੀ ਲੋੜ ਪੈ ਸਕਦੀ ਹੈ।

### ਚਮੜੀ ਦੇ ਨਿਸ਼ਾਨ

ਰੇਡੀਓਲੋਜਿਸਟ ਨੂੰ ਐਕਸਰੇ ਨੂੰ ਪੜ੍ਹਨ ਵਿੱਚ ਸਹਾਇਤਾ ਕਰਨ ਲਈ ਚਮੜੀ ਦੇ ਨਿਸ਼ਾਨ ਜੋ ਐਕਸਰੇ ਦੇ ਉਪਰ ਵਿਖਾਈ ਦਿੰਦੇ ਹਨ ਨੂੰ ਦਾਗਾਂ ਦੇ ਖੇਤਰਾਂ, ਮੌਹਕਿਆਂ ਜਾਂ ਛਾਤੀ ਦੇ ਲੱਛਣਾਂ ਵਾਲੇ ਖੇਤਰਾਂ ਦੇ ਉਪਰ ਰੱਖਿਆ ਜਾ ਸਕਦਾ ਹੈ।

## ਮੈਂ ਛਾਤੀ ਦੇ ਹੋਰ ਐਕਸਰਿਆਂ ਦੇ ਨਤੀਜਿਆਂ ਦਾ ਪਤਾ ਕਿਵੇਂ ਲਗਾ ਸਕਾਂਗੀ?

ਬਰੈਸਟ ਸਕਰੀਨ WA ਤੁਹਾਨੂੰ ਤੁਹਾਡੇ ਮੈਮੋਗ੍ਰਾਮ ਦੇ ਨਤੀਜਿਆਂ ਬਾਰੇ ਦੱਸਣ ਲਈ ਤੁਹਾਨੂੰ ਟੈਲੀਫੋਨ ਕਰੇਗੀ। ਵਾਧੂ ਜਾਂਚਾਂ ਦੀ ਸਿਫਾਰਸ਼ ਕੀਤੀ ਜਾ ਸਕਦੀ ਹੈ ਅਤੇ ਉਹ ਜਾਂਚਾਂ ਮੈਮੋਗ੍ਰਾਮ ਦੀ ਦਿਖਾਵਟ ਉੱਤੇ ਨਿਰਭਰ ਹੋਣਗੀਆਂ। ਤੁਸੀਂ ਜਿੰਨ੍ਹੇ ਵੀ ਸਵਾਲ ਪੁੱਛਣਾ ਚਾਹੋ, ਬੇਝਿਜਕ ਹੋ ਕੇ ਪੁੱਛੋ, ਤਾਂ ਜੋ ਤੁਸੀਂ ਕਿ ਤੁਸੀਂ ਸਮਝ ਸਕੋ ਕਿ ਤੁਹਾਨੂੰ ਵਾਪਸ ਕਿਉਂ ਬੁਲਾਇਆ ਗਿਆ ਹੈ।

ਜੇ ਤੁਹਾਨੂੰ ਵਾਧੂ ਜਾਂਚਾਂ ਦੀ ਲੋੜ ਹੈ, ਤੁਹਾਡੀ ਛਾਤੀ ਦੀਆਂ ਹੋਰ ਜਾਂਚਾਂ ਵਾਸਤੇ ਤੁਹਾਨੂੰ ਬਰੈਸਟ ਸਕਰੀਨ WA ਦੇ ਛਾਤੀ ਦੇ ਮੁਲਾਂਕਣ ਕੇਂਦਰ ਵਿੱਚ ਮੁਲਾਕਾਤ ਦੀ ਪੇਸ਼ਕਸ਼ ਕੀਤੀ ਜਾਵੇਗੀ। ਇਹ ਸੇਵਾ ਮੁਫਤ ਹੈ ਅਤੇ ਦਿਹਾਤੀ ਔਰਤਾਂ ਪੇਸ਼ੈਂਟ ਅਸਿਸਟਡ ਟਰੈਵਲ ਸਕੀਮ (PATS) ਵੱਲੋਂ ਮਿਲਣ ਵਾਲੀ ਸਹਾਇਤਾ ਦੇ ਯੋਗ ਹੋ ਸਕਦੀਆਂ ਹਨ। ਵਧੇਰੇ ਜਾਣਕਾਰੀ ਲਈ ਆਪਣੇ ਡਾਕਟਰ (GP) ਨੂੰ ਮਿਲੋ।

## ਪੁਰਾਣੇ ਐਕਸਰੇ

ਕਿਰਪਾ ਕਰਕੇ ਪਿਛਲੇ ਮੈਮੋਗ੍ਰਾਮਾਂ ਦੇ ਸਾਰੇ ਐਕਸਰੇ ਅਤੇ ਛਾਤੀ ਦੀਆਂ ਅਲਟਰਾਸਾਊਂਡ ਪੜਚੋਲਾਂ ਜੋ ਤੁਹਾਨੂੰ ਮਿਲੀਆਂ ਹਨ ਉਹਨਾਂ ਨੂੰ ਸੰਭਾਲ ਕੇ ਰੱਖੋ। ਪਿਛਲੇ ਐਕਸਰੇ ਰੇਡੀਓਲੋਜਿਸਟ ਨੂੰ ਇਹ ਵਿਖਾਉਣ ਵਿੱਚ ਬਹੁਤ ਸਹਾਇਤਾ ਕਰ ਸਕਦੇ ਹਨ ਕਿ ਤੁਹਾਡੇ ਨਵੇਂ ਮੈਮੋਗ੍ਰਾਮ ਵਿੱਚ ਚਿੰਤਾ ਦਾ ਸੰਭਾਵਿਤ ਖੇਤਰ ਕੋਈ ਪੁਰਾਣੀ ਬਿਨਾਂ ਚਿੰਤਾ ਵਾਲੀ ਬੇਕਸੂਰ ਖੋਜ ਹੈ।

## ਹੋਰ ਕਿਹੜੀਆਂ ਜਾਂਚਾਂ ਜ਼ਰੂਰੀ ਹੋ ਸਕਦੀਆਂ ਹਨ?

ਮੈਮੋਗ੍ਰਾਮ ਦੁਆਰਾ ਲੱਭੇ ਗਏ ਬਹੁਤੇ ਬਦਲਾਅ ਛਾਤੀ ਵਿੱਚ ਮਹਿਸੂਸ ਕਰਨ ਲਈ ਬਹੁਤ ਛੋਟੇ ਹੁੰਦੇ ਹਨ ਅਤੇ ਇਹਨਾਂ ਲਈ ਵਿਸ਼ੇਸ਼ ਜਾਂਚਾਂ ਦੀ ਲੋੜ ਹੁੰਦੀ ਹੈ।

### ਰੋਗ ਪਛਾਨਣ ਲਈ ਹੋਰ ਅੱਗੇ ਵੇਖਣ ਵਾਲੀ ਮੈਮੋਗ੍ਰਾਫੀ

ਇਸ ਵਿੱਚ ਡਾਕਟਰੀ ਦਿਲਚਸਪੀ ਵਾਲੇ ਖੇਤਰਾਂ ਉੱਤੇ ਕੇਂਦਰਿਤ ਛਾਤੀ ਦੇ ਵਾਧੂ ਮੈਮੋਗ੍ਰਾਮ ਸ਼ਾਮਲ ਹੁੰਦੇ ਹਨ।

### ਛਾਤੀ ਦੀ ਟੋਮੋਸਿੰਥੈਸਿਸ / 3D ਮੈਮੋਗ੍ਰਾਫੀ

ਤਿੰਨ ਦਿਸ਼ਾਵਾਂ ਵਾਲੀ ਮੈਮੋਗ੍ਰਾਫੀ (ਇਸ ਨੂੰ ਛਾਤੀ ਦੀ ਡਿਜ਼ਿਟਲ ਟੋਮੋਸਿੰਥੈਸਿਸ ਵੀ ਕਿਹਾ ਜਾਂਦਾ ਹੈ) ਵੱਖ ਵੱਖ ਕੋਣਾਂ ਤੋਂ ਲਏ ਗਏ ਐਕਸਰਿਆਂ (ਮੈਮੋਗ੍ਰਾਮਾਂ) ਨੂੰ ਵਰਤ ਕੇ ਕੰਪਿਊਟਰ ਦੇ ਵਿਸ਼ੇਸ਼ ਸੌਫਟਵੇਅਰ ਰਾਹੀਂ ਛਾਤੀ ਦੀ 3D ਤਸਵੀਰ ਤਿਆਰ ਕਰਦੀ ਹੈ। ਇਕ ਸਾਧਾਰਣ ਮੈਮੋਗ੍ਰਾਮ ਛਾਤੀ ਦੀ ਦੋ ਦਿਸ਼ਾਵਾਂ (2D) ਵਾਲੀ ਤਸਵੀਰ ਤਿਆਰ ਕਰਦਾ ਹੈ।

### ਛਾਤੀ ਦਾ ਡਾਕਟਰੀ ਨਿਰੀਖਣ

ਤੁਹਾਡੀਆਂ ਤਸਵੀਰਾਂ ਦੇ ਰੇਡੀਓਲੋਜਿਸਟ ਦੁਆਰਾ ਨਿਰੀਖਣ ਤੋਂ ਬਾਅਦ ਜੇ ਤੁਹਾਨੂੰ ਡਾਕਟਰੀ ਨਿਰੀਖਣ ਦੀ ਲੋੜ ਹੈ; ਛਾਤੀ ਦੀ ਇਕ ਜਨਾਨਾ ਡਾਕਟਰ ਤੁਹਾਡੀਆਂ ਛਾਤੀਆਂ ਦਾ ਪੂਰਾ ਨਿਰੀਖਣ ਕਰੇਗੀ ਅਤੇ ਤੁਹਾਡੇ ਨਾਲ ਤੁਹਾਡੇ ਡਾਕਟਰੀ ਇਤਿਹਾਸ ਬਾਰੇ ਗੱਲ ਕਰੇਗੀ।

### ਛਾਤੀਆਂ ਦਾ ਅਲਟਰਾਸਾਊਂਡ

ਛਾਤੀ ਦੇ ਟਿਸ਼ੂ ਦੇ ਵਧੇਰੇ ਵੇਰਵੇ ਵਿਖਾਉਣ ਲਈ ਇਹ ਜਾਂਚ ਆਵਾਜ਼ ਦੀਆਂ ਲਹਿਰਾਂ (ਨਾ ਕਿ ਰੇਡੀਏਸ਼ਨ) ਵਰਤ ਕੇ ਕੀਤੀ ਜਾਂਦੀ ਹੈ। ਛਾਤੀਆਂ ਦੇ ਉਪਰ ਜੈਲ ਲਗਾਈ ਜਾਂਦੀ ਹੈ ਅਤੇ ਟੋਹਣ ਵਾਲੀ ਮਸ਼ੀਨ ਨੂੰ ਚਮੜੀ ਦੇ ਉੱਤੇ ਦਬਾਇਆ ਜਾਂਦਾ ਹੈ।

### ਤਸਵੀਰ ਨਿਰਦੇਸ਼ਤ ਬਾਇਓਪਸੀ

ਛਾਤੀ ਵਿੱਚੋਂ ਬਰੀਕ ਜਿਹਾ ਨਮੂਨਾ ਲੈਣਾ ਉਹ ਹੈ ਜਿਸ ਵਿੱਚ ਡਾਕਟਰੀ ਦਿਲਚਸਪੀ ਵਾਲੇ ਖੇਤਰ ਵਿੱਚੋਂ ਨਮੂਨਾ ਲੈਣ ਲਈ ਇਕ ਸੂਈ ਛਾਤੀ ਵਿੱਚ ਚੁਭੋਈ ਜਾਂਦੀ ਹੈ, ਤਾਂ ਜੋ ਇਸ ਨੂੰ ਖੁਰਦਬੀਨ ਦੇ ਥੱਲੇ ਰੱਖ ਕੇ ਜਾਂਚਿਆ ਜਾ ਸਕੇ।

ਜਾਂਚ ਕਰ ਰਹੀ ਰੇਡੀਓਲੋਜਿਸਟ ਅਲਟਰਾਸਾਊਂਡ ਜਾਂ ਐਕਸਰੇ ਦੇ ਨਿਰਦੇਸ਼ ਨੂੰ ਇਹ ਯਕੀਨੀ ਬਨਾਉਣ ਲਈ ਵਰਤਦੀ ਹੈ ਤਾਂ ਜੋ ਸੂਈ ਟਿਸ਼ੂ ਦਾ ਨਮੂਨਾ ਸਹੀ ਜਗ੍ਹਾ ਤੋਂ ਲਵੇ। ਸਥਾਨਿਕ ਸੁੰਨ ਕਰਨ ਵਾਲੀ ਦਵਾਈ ਵਰਤੀ ਜਾਵੇਗੀ। ਟਿਸ਼ੂ ਦਾ ਨਿਰੀਖਣ ਪੈਥੋਲੋਜਿਸਟ ਦੁਆਰਾ ਕੀਤਾ ਜਾਂਦਾ ਹੈ ਅਤੇ ਇਹ ਨਤੀਜੇ ਆਮ ਤੌਰ ਤੇ 24 ਘੰਟਿਆਂ ਬਾਅਦ ਉਪਲਬਧ ਹੁੰਦੇ ਹਨ।

### ਚਿੰਨ੍ਹ ਲਗਾਉਣ ਵਾਲਾ ਕਲਿੱਪ

ਕਈ ਵਾਰੀ ਐਕਸਰੇ ਨਾਲ ਨਿਰਦੇਸ਼ਤ ਬਾਇਓਪਸੀ ਲੈਣ ਤੋਂ ਬਾਅਦ ਬਾਇਓਪਸੀ ਦੀ ਜਗ੍ਹਾ ਉੱਤੇ ਛੋਟੇ ਜਿਹੇ ਧਾਤ ਦੇ ਕਲਿੱਪ ਨਾਲ ਨਿਸ਼ਾਨ ਲਗਾਉਣਾ ਜ਼ਰੂਰੀ ਹੋ ਸਕਦਾ ਹੈ।

## ਕੀ ਇਹਨਾਂ ਜਾਂਚਾਂ ਦੇ ਨਾਲ ਸਾਰੇ ਕੈਂਸਰਾਂ ਦਾ ਪਤਾ ਲਗਾਇਆ ਜਾ ਸਕਦਾ ਹੈ?

ਛਾਤੀ ਦੇ ਬਹੁਤੇ ਕੈਂਸਰਾਂ ਦਾ ਪਤਾ ਲੱਗ ਜਾਵੇਗਾ, ਪਰ ਕੋਈ ਵੀ ਜਾਂਚ ਸਾਰੇ ਕੈਂਸਰਾਂ ਦਾ ਪਤਾ ਲਗਾਉਣ ਦੀ ਗਰੰਟੀ ਨਹੀਂ ਦੇ ਸਕਦੀ ਹੈ। ਸਾਰੀਆਂ ਔਰਤਾਂ ਵਾਸਤੇ ਕੀਤੀਆਂ ਗਈਆਂ ਸਾਰੀਆਂ ਸਿਫਾਰਸ਼ਾਂ ਦੀ ਪਾਲਣਾ ਕਰਨਾ ਮਹੱਤਵਪੂਰਣ ਹੈ।

## ਮੁਲਾਂਕਣ ਦੀ ਮੁਲਾਕਾਤ ਸਮੇਂ

ਇਹ ਬਹੁ-ਵਿਸ਼ਿਆਂ ਦੇ ਮਾਹਰ ਕੇਂਦਰ ਹਨ ਜਿੱਥੇ ਤੁਹਾਨੂੰ ਸਾਡੇ ਰੇਡੀਓਲੋਜਿਸਟਾਂ, ਪੈਥੋਲੋਜਿਸਟਾਂ, ਨਰਸਾਂ, ਰੇਡੀਓਗਰਾਫਰਾਂ, ਛਾਤੀ ਦੇ ਡਾਕਟਰਾਂ ਅਤੇ ਔਪਰੇਸ਼ਨ ਕਰਨ ਵਾਲੇ ਡਾਕਟਰਾਂ ਦੀ ਟੀਮ ਵੱਲੋਂ ਮਾਹਰ ਮੁਲਾਂਕਣ ਅਤੇ ਪ੍ਰਬੰਧ ਪ੍ਰਾਪਤ ਹੋਵੇਗਾ।

ਸਾਰੀਆਂ ਮੁਲਾਕਾਤਾਂ ਸਵੇਰ ਵੇਲੇ ਰੱਖੀਆਂ ਜਾਂਦੀਆਂ ਹਨ। ਤੁਹਾਨੂੰ ਆਪਣੇ ਪੂਰੇ ਮੁਲਾਂਕਣ ਵਾਸਤੇ **8 ਘੰਟਿਆਂ ਤੱਕ** ਦੀ ਲੋੜ ਪੈ ਸਕਦੀ ਹੈ। ਜੇ ਤੁਹਾਨੂੰ ਆਪਣੇ ਰੋਜ਼ਗਾਰਦਾਤੇ ਲਈ ਡਾਕਟਰੀ ਸਰਟੀਫਿਕੇਟ ਦੀ ਲੋੜ ਹੈ ਤਾਂ ਕਿਰਪਾ ਕਰਕੇ ਕਲੀਨਿਕ ਦੇ ਕਰਮਚਾਰੀਆਂ ਨੂੰ ਦੱਸ ਦਿਓ।

ਗੱਡੀ ਖੜ੍ਹੀ ਕਰਨ ਵਾਸਤੇ ਕਿਰਪਾ ਪੈਸੇ ਨਾਲ ਲੈ ਕੇ ਆਓ। ਜਾਂ ਫਿਰ ਇਸ ਦੇ ਬਜਾਏ, ਕਿਰਪਾ ਕਰਕੇ ਟਰਾਂਸਪਰਥ ਨੂੰ 13 62 13 ਉੱਤੇ ਜਨਤਕ ਆਵਾਜਾਈ ਵਿਕਲਪਾਂ ਲਈ ਫੋਨ ਕਰੋ।

## ਤੁਹਾਡੇ ਡਾਕਟਰ (GP) ਨੂੰ ਨਤੀਜੇ ਭੇਜਣਾ

ਜੇ ਤੁਸੀਂ ਡਾਕਟਰ (GP) ਨੂੰ ਮਨੋਨੀਤ ਕੀਤਾ ਹੈ (ਅਤੇ ਅਸੀਂ ਤੁਹਾਨੂੰ ਇਹ ਕਰਨ ਲਈ ਉਤਸ਼ਾਹਿਤ ਕਰਦੇ ਹਾਂ) ਬਰੈਸਟ ਸਕਰੀਨ WA ਉਹਨਾਂ ਨੂੰ ਤੁਹਾਡੀਆਂ ਅਗਲੇਰੀਆਂ ਜਾਂਚਾਂ ਦੀਆਂ ਮੁਲਾਕਾਤਾਂ ਬਾਰੇ ਸੂਚਿਤ ਕਰ ਦੇਵੇਗਾ। ਤੁਹਾਡੇ ਡਾਕਟਰ (GP) ਨੂੰ ਤੁਹਾਡੀ ਮੁਲਾਂਕਣ ਫੇਰੀ ਦੇ ਨਤੀਜਿਆਂ ਬਾਰੇ ਵੀ ਸੂਚਿਤ ਕਰ ਦਿੱਤਾ ਜਾਵੇਗਾ।


## BreastScreen WA

ਟੈਲੀਫੋਨ (08) 9323 6700    ਫੈਕਸ (08) 9323 6799


ਈਮੇਲ breastscreenwa@health.wa.gov.au

ਅਨੁਵਾਦਕ ਦੋਭਾਸ਼ੀਆ ਸੇਵਾ (TIS) 13 14 50


## ਬਰੈਸਟ ਸਕਰੀਨ WA ਮੁਲਾਂਕਣ ਕੇਂਦਰ


**Royal Perth Hospital (RPH) Breast Assessment Clinic**

Level 3, North Block. Wellington Street, Perth, 6000





**Sir Charles Gairdner Hospital**

G Block, 1st floor, Hospital Avenue, Nedlands.




# ਬਰੈਸਟ ਸਕਰੀਨ WA ਮੁਲਾਂਕਣ ਕੇਂਦਰ


## Bunbury South West Health Campus
Corner of Bussell Highway and Robertson Drive




## Fiona Stanley Hospital
**Level 1 Main Hospital, 102-118 Murdoch Drive, Murdoch Tel: (08) 6152 4125**




## Joondalup 57 Joondalup Drive, Joondalup




BreastScreen AUSTRALIA
A joint Australian, State and Territory Government Program

BEAT BREAST CANCER HAVE A FREE X-RAY RING: 13 20 50

LIKE US ON facebook

**www.breastscreen.health.wa.gov.au**

DEC 2022